ਸਿੱਖ ਬੁੱਕ ਕਲੱਬ.ਕਾਮ

**SikhBookClub.Com**

3811 Schaefer Ave, #B
Chino, Ca 91710
+1 909-456-5551
Walnut@gmail.com

ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ,
ਜਥੇਦਾਰ,
ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।

ਆਪ ਵੱਲੋਂ ਭੇਜੇ ਪੱਤਰ ਦੇ ਆਧਾਰ ਤੇ ਮੈਂ ਇੱਕ ਵਾਰੀ ਫਿਰ ਨਿਮਰਤਾ ਸਹਿਤ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਸਿੱਖ ਬੁੱਕ ਕਲੱਬ ਦੀ ਵੈਬ-ਸਾਈਟ ਤੇ ਪਾਉਣ ਦਾ ਜੋ ਮਸਲਾ ਖੜਾ ਕੀਤਾ ਗਿਆ ਹੈ ਉਸ ਦੇ ਸੰਬੰਧ ਵਿੱਚ ਮੈਂ ਪੰਥ ਵਿੱਚ ਪੈ ਰਹੀ ਦੁਬਿਧਾ ਨੂੰ ਦੂਰ ਕਰਨ ਲਈ ਤੁਰੰਤ ਹੀ ਸਿੱਖ ਬੁੱਕ ਕਲੱਬ ਤੋਂ ਇਸ ਨੂੰ ਹਟਾਉਣ ਲਈ ਤਿਆਰ ਹਾਂ ਅਤੇ ਗੁਰੂ ਪੰਥ ਦੇ ਵਡੇਰੇ ਹਿੱਤਾਂ ਲਈ ਆਪਣੀ ਕਿਸੇ ਵੀ ਭੁੱਲ ਲਈ ਖਿਮਾ ਜਾਚਨਾ ਲਈ ਵੀ ਸਦਾ ਹੀ ਤਿਆਰ ਹਾਂ। ਨਾਲ ਹੀ ਮੇਰੀ ਬੇਨਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਵਿੱਚ ਆ ਗਈਆਂ ਅਸ਼ੁੱਧੀਆਂ ਬਾਰੇ ਬਿਨਾਂ ਦੇਰੀ ਤੋਂ ਸਿੰਘ ਸਾਹਿਬਾਨਾਂ ਵੱਲੋਂ ਚੋਣਵੇ ਸਿੱਖ ਵਿਦਵਾਨਾਂ ਦੀ ਕਮੇਟੀ ਦਾ ਗਠਨ ਕਰਕੇ ਸਮੁੱਚੀ ਬਾਣੀ ਨੂੰ ਦਮਦਮੀ ਟਕਸਾਲ ਦੇ ਰਹਿ ਚੁੱਕੇ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲ਼ਿਆਂ ਦੀ ਛਪੀ ਪੁਸਤਕ ਗੁਰਬਾਣੀ ਪਾਠ ਦਰਸ਼ਨ ੧੯੬੦ ਅਤੇ ਹੋਰ ਪੰਥ ਦੇ ਸਥਾਪਤ ਵਿਦਵਾਨਾਂ ਦੁਆਰਾ ਦਿੱਤੀਆਂ ਰਾਵਾਂ ਦੇ ਆਧਾਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਛਾਪਣ ਦੀ ਖੇਚਲ ਕੀਤੀ ਜਾਵੇ ਤਾਂ ਕਿ ਗੁਰਬਾਣੀ ਦੇ ਪੜ੍ਹਨ ਲਿਖਣ ਵਿੱਚ ਹੋ ਰਹੀਆਂ ਬੇਅਦਬੀਆਂ ਨੂੰ ਠੱਲ ਪੈ ਸਕੇ।

ਗੁਰੂ ਪੰਥ ਦਾ ਦਾਸ,

ਥਮਿੰਦਰ ਸਿੰਘ
04-29-22